(i) Printed Pages : 7] Roll No. ...............................

(ii) Questions : 6]

Sub. Code : | 0 | 3 | 0 | 9 |

Exam. Code : | 0 | 0 | 0 | 4 |

# B.A./B.Sc. (General) 4th Semester Examination

# 1047

## PUNJABI

## Paper : (Elective)

**Time : 3 Hours]** **[Max. Marks : 90**

ਨੋਟ : 1. ਲਿਖਾਈ ਸਾਫ਼ ਅਤੇ ਸ਼ਪਸ਼ਟ ਹੋਣੀ ਚਾਹੀਦੀ ਹੈ।

2. ਸਵਾਲਾ ਦੇ ਉੱਤਰ ਤਰਕ ਸੰਗਤ ਅਤੇ ਸਪਸ਼ਟ ਹੋਣੇ ਚਾਹੀ ਦੇ ਹਨ। ਸਾਰੇ ਪ੍ਰਸ਼ਨਾਂ ਦੇ ਉੱਤਰ ਤਰਤੀਬਵਾਰ ਦਿੱਤੇ ਜਾਣ।

3. ਉਪਭਾਗਾਂ ਵਾਲੇ ਪ੍ਰ. 1, ਅਤੇ ਪ੍ਰ. 2, ਦੇ ਉੱਤਰ ਇੱਕ ਥਾਂ ਹੱਲ ਕੀਤੇ ਜਾਣ।

1. (ੳ) ਹੇਠ ਲਿਖੇ ਕਾਵਿ ਟੋਟਿਆ ਵਿੱਚੋ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 10

(i) ਕਰ ਕਰ ਧਿਆਨ ਅਯਾਲੀ ਦਿਲ ਵਿੱਚ, ਸੋਚ ਕਰੇ। ਇਸ ਗੱਲ ਦੀ।
ਕੀ ਅਸਗਰ ਰਹੀ ਡਿਗ ਏਵੇਂ, ਫੇਰ ਨਹੀਂ ਮੁੜ ਹੱਲ ਦੀ।
ਮਤ ਕੋਈ ਨਾਰਿ ਰਹੇ ਮਰ ਪਿਆਸੀ, ਰਾਹ ਪਛਾਣ ਚਲਦੀ।
ਹਾਸ਼ਮ ਚਲ ਵੇਖਾਂ ਕੀ ਡਰਨਾ, ਹੋਣਹਾਰ ਨਹੀ ਟਲਦੀ।

(ii) ਬੇ-ਬਹੁਤ ਹੋਇਆ ਉਹਦਾ ਬੋਲ ਬਾਲਾ,
ਢੋਲ ਆ ਮਸ਼ਹੂਰੀ ਦਾ ਵਜਿਆ ਜੀ।
ਬਦਮਾਸ਼ ਬੇ-ਪੀਰ ਸ਼ਰੀਰ ਜੇਹੜਾ,
ਵਾਂਗ ਕਾਂਗ ਦੇ ਤੀਰ ਤੋਂ ਤੱਜਿਆ ਜੀ।
ਵੇਖ ਸ਼ਾਹ ਜ਼ੋਰੀ ਹਰੀ ਸਿੰਘ ਵਾਲੀ,
ਯਾਰੋ ਚੋਰਾਂ ਨੇ ਚੋਰੀ ਨੂੰ ਤੱਜਿਆ ਜੀ।
ਕਾਦਰਯਾਰ ਕੀਤਾ ਬੰਦੋਬਸਤ ਐਸਾ,
ਸਾਰਾ ਮੁਲਕ ਜਿਸ ਨੂੰ ਵੇਖ ਰੱਜਿਆ ਜੀ।

(ਅ) ਹੇਠ ਲਿਖੀਆ ਕਾਵਿ ਟੋਟਿਆਂ, ਚੋ **ਕਿਸੇ ਇੱਕ ਦੀ** ਸਾਹਿਤਕ ਵਿਆਖਿਆ ਕਰੋ। 10

(i) ਕਾਨ੍ਹ ਦੀ ਦੁਖਾਈ ਦਿਆਂ ਕਿਸ ਥੇ ਦੁਹਾਈ ਅੱਜ,

ਉਸੇ ਦੀ ਸਿਖਾਈ ਸਾਨੂੰ ਕੁਬਰੀ ਸਤਾਉਂਦੀ ।।

ਛੱਡ ਕੇ ਗੁਆਲਣੀ ਨੂੰ ਮਾਲਣੀ ਦੇ ਨਾਲ ਰੱਤਾ,

ਮਾਲਣੀ ਸੁਗੰਧ ਲਾਇ ਕਾਨ੍ਹ ਨੂੰ ਰੀਝਉਂਦੀ ।।

ਮੇਰੇ ਵੱਸ ਆਵੇ ਰਾਧੇ ਆਖ਼ ਕੇ ਸੁਣਾਵੇ ਸਈਓ,

ਦੰਦਾ ਨਾਲ ਵੱਢ-ਵੱਢ ਮਾਸ ਸਾਰੇ ਖਾਉਂਦੀ ।।

ਕੰਸ ਦੀ ਅਗਾਇਣੀ ਕਸਾਇਣੀ ਦੀ ਚਾਲ ਦੇਖੋ,

ਕਾਨ੍ਹਾ ਨੂੰ ਉਧਾਲ ਸਾਥੋਂ ਅੱਖੀਆ ਚਰਉਂਦੀ ।।

(ii) ਸੁਣ ਕੇ ਖ਼ਬਰ ਫ਼ਿਰੰਗੀ ਦੀ ਚੜੇ ਸੱਭੇ, ਫੌਜਾਂ ਬੇਮੁਹਾਰੀਆ ਹੋਇ ਤੁਰੀਆ।

ਫ਼ੇਰ ਵਾਰ ਕੁਵਾਰ ਨਾ ਕਿਸੇ ਡਿੱਠਾ, ਇੱਕ ਦੂਸਰੇ ਦੇ ਪਿੱਛੇ ਲੱਗ ਟੁਰੀਆ।

ਅਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ, ਵੇਗਾਂ ਪਹਿਣ

ਖਲੋਤੀਆਂ ਨਹੀਂ ਕੁੜੀਆਂ।

ਸ਼ਾਹ ਮਹੁੰਮਦਾ ਵਰਜਦੇ ਜਾਂਦਿਆ ਨੂੰ, ਫੌਜਾਂ ਹੋ ਮੁਹਤਾਵੀਆਂ

ਕਦੋਂ ਮੁੜੀਆ।

2. ਭਾਗ 'ੳ' ਅਤੇ 'ਅ' ਵਿੱਚੋਂ ਇੱਕ-ਇੱਕ ਪ੍ਰਸ਼ਨ ਦਾ ਉੱਤਰ ਦਿਓ।

(ੳ) (i) 'ਸਵੇਰ ਹੋਣ ਤੱਕ' ਕਹਾਣੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ ?

(ii) 'ਸੱਗੀ ਫੁੱਲ' ਕਹਾਣੀ ਦੇ ਪਾਤਰ-ਚਿਤਰਨ ਉਪੱਰ ਨੋਟ ਲਿਖੋ ? 10

(ਅ) (i) 'ਆਕਣੇ ਦਾ ਬੋਟ' ਕਹਾਣੀ ਦਾ ਸਾਹਿਤਕ ਦ੍ਰਿਸ਼ਟੀਕੋਣ ਤੋਂ ਆਲੋਚਨਾ ਕਰੋ ?

(ii) 'ਇੱਕੀਵੀ ਸਦੀ' ਕਹਾਣੀ ਦੀ ਸਾਹਿਤਕ ਆਲੋਚਨਾ ਕਰੋ·? 10

3. ਕਿਸੇ ਪੰਜ ਪ੍ਰਸ਼ਨਾ ਦੇ ਲਘੂ ਉੱਤਰ ਦਿਉ ਉੱਤਰ ਤਿੰਨ-ਸਤਰਾਂ ਤੋਂ ਵੱਧ ਨਾ ਹੋਵੇ। 2×5=10

(i) 'ਜੰਗਨਾਮਾ ਸਿੰਘਾ ਤੇ ਫ਼ਿਰੰਗੀਆ' ਦਾ ਸੰਖੇਪ ਚ ਇਤਿਹਾਸਕ ਪਿਛੋਕੜ ਲਿਖੋ ?

(ii) 'ਸ਼ੀਹਰਫ਼ੀਤੀਜੀ' ਕਿਸ ਦੀ ਰਚਨਾ ਹੈ ਅਤੇ ਕਿਹੜੇ ਰਸ ਵਿੱਚ ਲਿਖੀ ਗਈ ਹੈ ?

(iii) ਭਗਵਾਨ ਸਿੰਘ ਨੇ ਕਿਹੜੇ-ਕਿਹੜੇ ਕਿੱਸੇ ਲਿਖੇ ?

(iv) ਕਵੀ ਸੋਧਾ ਰਚਿਤ 'ਵਾਰ ਕਾਨ੍ਹ ਮੋਪੀਆ' ਦਾ ਸੰਖੇਪ ਚੋ ਵਿਸ਼ਾ-ਵਸਤੂ ਕੀ ਸਪਸ਼ਟ ਕਰੋ ?

(v) ਮੀਂਹ ਬੰਦ ਹੋਣ ਤੇ ਸਾਰਿਆ ਦਾ ਕਮਰੇ ਵਿਚ ਕੀ ਹਾਲ ਹੋਇਆ ?

(vi) ਗੋਈ ਕੀ ਹੁੰਦੀ ਹੈ ? ਬਲਵਿੰਦਰ ਇਸ ਨੂੰ ਕੀ ਕਹਿੰਦੀ ਹੈ ?

(vii) ਚਾਚਾ ਜੀ ਕਿਹੋ ਜਿਹੀ ਕੋਠੀ ਬਣਾਉਣਾ ਚਾਹੁੰਦਾ ਹੈ ?

(viii) ਕੁੜੀਆ ਕੋਣ ਸਨ ? ਤੇ ਪਾਰਕ ਵਿੱਚ ਕੀ ਕਰ ਰਹੀਆ ਸਨ ?

4. ਕਿਸੇ ਚਾਰ ਪ੍ਰਸ਼ਨਾ ਦੇ ਸੰਖੇਪ ਉੱਤਰ ਦਿਉ ਉੱਤਰ 50 ਸ਼ਬਦਾਂ ਤੋਂ ਵੱਧ ਨਾ ਹੋਵੇ। 5×4=20

(i) 1701 ਤੋਂ 1900 ਤੱਕ ਦੀ ਸੂਫ਼ੀ ਕਾਵਿ ਧਾਰਾ ਦੇ ਕਵੀਆਂ ਨਾਲ ਜਾਣ-ਪਛਾਣ ਕਰਾਉ ?

(ii) 18 ਵੀਂ ਸਦੀ ਦੇ ਵੀਰ ਕਾਵਿ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਉ ?

(iii) 19 ਵੀਂ ਸਦੀ ਦੇ ਦੂਜੇ-ਅੱਧ ਵਿਚ ਅੰਗਰੇਜੀ ਕਾਲ ਵਿੱਚ ਉਪਜੇ ਸਾਹਿਤ ਬਾਰੇ ਸੰਖੇਪ ਜਾਣਕਾਰੀ ਦਿਉ ?

(iv) 'ਸਿੰਘ ਸਭਾ ਲਹਿਰ' ਨੇ ਕਿਹੜੇ-ਕਿਹੜੇ ਵਾਰਤਕ ਸਾਹਿਤ ਨੂੰ ਵਧਾਵਾ ਦਿੱਤਾ ?

(v) 18 ਵੀ ਸਦੀ ਦੇ ਜੰਗਨਾਮਿਆ ਬਾਰੇ ਸੰਖੇਪ ਜਾਣਕਾਰੀ ਦਿਉ ?

(vi) 18ਵੀ ਸਦੀ ਦੇ ਬਿਰਤਾਂਤਕ ਕਾਵਿ ਰੂਪ ਕਿੱਸਾ ਕਾਵਿ ਦੀ ਪਵ੍ਰਿਤੀ ਬਾਰੇ ਲਿਖੋ ?

5. ਕਿਸੇ **ਇੱਕ** ਦਾ ਉੱਤਰ ਦਿਉ। 10

(i) ਸਾਹਿਤ ਤੇ ਸਮਾਜ

(ii) ਸਾਹਿਤ ਤੇ ਮਨੋਵਿਗਿਆਨ।

6. ਕਿਸੇ **ਇੱਕ** ਦਾ ਉੱਤਰ ਦਿਉ। 10

(i) ਉਪਭਾਸ਼ਾ ਦੇ ਸਰੂਪ ਬਾਰੇ ਚਰਚਾ ਕਰਦਿਆ ਇਸ ਦੀ ਪਰਿਭਾਸ਼ਾ ਦਿਉ ?

(ii) ਪੰਜਾਬੀ ਦੀਆ ਉਪਭਾਸ਼ਾਵਾ ਚ ਸੰਖੇਪ ਵੇਰਵਾ ਦਿਉ ਅਤੇ ਇਸ ਦੇ ਪਛਾਣ ਚਿੰਨ ਬਾਰੇ ਲਿਖੋ ?